Australian Bureau of Statistics

Census

Media release

# ABS ਪੁੱਛ ਰਿਹਾ ਹੈ ਕਿ 2026 ਦੀ ਜਨਗਣਨਾ ਵਿੱਚ ਕੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ

ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ (Australian Bureau of Statistics (ABS)) ਇਸ ਬਾਰੇ ਤੁਹਾਡੀ ਰਾਏ ਮੰਗ ਰਿਹਾ ਹੈ ਕਿ ਜਨਸੰਖਿਆ ਅਤੇ ਰਿਹਾਇਸ਼ ਦੀ ਪੰਜ ਸਾਲਾ ਜਨਗਣਨਾ (Census of Population and Housing) ਵਿੱਚ ਕਿਹੜੀ ਜਾਣਕਾਰੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ।

ਇਹ ਜਨਗਣਨਾ ਇਸ ਗੱਲ ਦਾ ਛੋਟਾ ਸਾਰ ਹੈ ਕਿ ਅਸੀਂ ਕੌਣ ਹਾਂ ਅਤੇ ਇਹ ਕਹਾਣੀ ਦੱਸਦਾ ਹੈ ਕਿ ਅਸੀਂ ਕਿਵੇਂ ਬਦਲ ਰਹੇ ਹਾਂ। ਇਹ ABS ਦੁਆਰਾ ਕੀਤੇ ਜਾਂਦੇ ਸਭ ਤੋਂ ਵੱਡੇ ਅਤੇ ਸਭ ਤੋਂ ਮਹੱਤਵਪੂਰਨ ਅੰਕੜਾ ਸੰਗ੍ਰਹਿਆਂ ਵਿੱਚੋਂ ਇੱਕ ਹੈ।

2026 ਦੀ ਜਨਗਣਨਾ ਸਮੱਗਰੀ ਦੀ ਨਿਰਦੇਸ਼ਕ ਜਾਰਜੀਆ ਚੈਪਮੈਨ (Georgia Chapman) ਨੇ ਕਿਹਾ, "ਇਹ ਇਸ ਬਾਰੇ ਤੁਹਾਡੀ ਰਾਏ ਰੱਖਣ ਦਾ ਇੱਕ ਮੌਕਾ ਹੈ ਕਿ ਅਗਲੀ ਜਨਗਣਨਾ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ।

"ਅਸੀਂ ਕਮਿਊਨਿਟੀ ਗਰੁੱਪਾਂ ਤੋਂ ਲੈ ਕੇ ਪੀਕ ਬਾਡੀਜ਼ ਤੱਕ, ਦੇਸ਼ ਭਰ ਦੇ ਲੋਕਾਂ ਨੂੰ ਇਸ ਬਾਰੇ ਆਪਣੀ ਗੱਲ ਰੱਖਣ ਲਈ ਸੱਦਾ ਦੇ ਰਹੇ ਹਾਂ ਕਿ ਤੁਹਾਨੂੰ ਜਨਗਣਨਾ ਤੋਂ ਕਿਹੜੀ ਜਾਣਕਾਰੀ ਦੀ ਲੋੜ ਹੈ।

"ਇਹ ਜਮ੍ਹਾਂ ਕੀਤੀ ਰਾਏ 2026 ਦੀ ਜਨਗਣਨਾ ਤੋਂ ਪਹਿਲਾਂ ਇਸ ਵਿਸ਼ਾ ਸਮੀਖਿਆ ਪ੍ਰਕਿਰਿਆ ਨੂੰ ਜਾਣਕਾਰੀ ਪ੍ਰਦਾਨ ਕਰਨਗੇ। ਇਹ ਅਗਲੀ ਜਨਗਣਨਾ ਵਿੱਚ ਆਸਟ੍ਰੇਲੀਆ ਦੀ ਭਰਪੂਰਤਾ ਨੂੰ ਦਰਸਾਉਣ ਅਤੇ ਆਸਟ੍ਰੇਲੀਆ ਦੇ ਅਹਿਮ ਫ਼ੈਸਲਿਆਂ ਵਾਸਤੇ ਜਾਣਕਾਰੀ ਦੇਣ ਵਿੱਚ ਮੱਦਦ ਕਰਨ ਦਾ ਤੁਹਾਡਾ ਮੌਕਾ ਹੈ।

"2026 ਦੀ ਜਨਗਣਨਾ ਲਈ ਵਿਸ਼ਿਆਂ ਨੂੰ ਨਿਰਧਾਰਤ ਕਰਨ ਵੇਲੇ ਬਹੁਤ ਸਾਰੀਆਂ ਗੱਲਾਂ ਵਿਚਾਰੀਆਂ ਜਾਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ ਇਸ ਡੇਟਾ ਦੀ ਲੋੜ ਕਿਉਂ ਹੈ, ਜਵਾਬ ਦੇਣ ਲਈ ਸਵਾਲਾਂ ਦੀ ਕੁੱਲ ਗਿਣਤੀ, ਮਿਲੇ ਜਵਾਬਾਂ ਨੂੰ ਪ੍ਰੋਸੈਸ ਕਰਨ ਦੀ ਲਾਗਤ ਅਤੇ ਕੀ ਹੋਰ ਡੇਟਾ ਸਰੋਤ ਇਹਨਾਂ ਲੋੜਾਂ ਨੂੰ ਪੂਰਾ ਕਰ ਸਕਦੇ ਹਨ"।

ਇਸ ਪ੍ਰਕਿਰਿਆ ਦੇ ਹਿੱਸੇ ਵਜੋਂ, ABS 2021 ਦੀ ਜਨਗਣਨਾ ਦੇ ਵਿਸ਼ਿਆਂ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ ਪ੍ਰਾਪਤ ਹੋਈ ਫੀਡਬੈਕ ਦੀ ਸਮੀਖਿਆ ਕਰੇਗਾ, 2021 ਦੀ ਵਿਸ਼ਾ ਸਮੀਖਿਆ ਪ੍ਰਕਿਰਿਆ ਵਿੱਚ ਛਾਂਟੀ ਕਰਕੇ ਚੁਣੇ ਗਏ ਵਿਸ਼ਿਆਂ ਅਤੇ ਹਾਲੀਆ ABS ਸਲਾਹ-ਮਸ਼ਵਰੇ ਜਾਂ ਸਮੀਖਿਆਵਾਂ ਤੋਂ ਮਿਲੀ ਫੀਡਬੈਕ ਦੀ ਸਮੀਖਿਆ ਕਰੇਗਾ।

ਇਸ ਸਲਾਹ-ਮਸ਼ਵਰੇ ਦਾ ਪਹਿਲਾ ਪੜਾਅ 28 ਅਪ੍ਰੈਲ 2023 ਤੱਕ ਖੁੱਲ੍ਹਾ ਹੈ। ਇਸ ਸਾਲ ਬਾਅਦ ਵਿੱਚ, ABS ਦੱਸੇਗਾ ਕਿ ਇਸ ਨੂੰ ਕੀ ਵਿਚਾਰ ਮਿਲੇ ਹਨ ਅਤੇ ਛਾਂਟੀ ਕੀਤੇ ਵਿਸ਼ਿਆਂ ਨਾਲ ਅੱਗੇ ਵਧਣ ਵੇਲੇ ਲੋਕਾਂ ਨੂੰ ਇਨ੍ਹਾਂ ਬਾਰੇ ਟਿੱਪਣੀ ਕਰਨ ਲਈ ਸੱਦਾ ਦੇਵੇਗਾ।

2024 ਵਿੱਚ, ABS ਉਹਨਾਂ ਵਿਸ਼ਿਆਂ ਬਾਰੇ ਆਸਟ੍ਰੇਲੀਆਈ ਸਰਕਾਰ ਨੂੰ ਸਿਫ਼ਾਰਸ਼ ਕਰੇਗਾ ਜੋ ਅਗਲੀ ਜਨਗਣਨਾ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਸਿਫ਼ਾਰਿਸ਼ ਉਹ ਗੱਲਾਂ 'ਤੇ ਆਧਾਰਿਤ ਹੋਵੇਗੀ ਜੋ ਅਸੀਂ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੌਰਾਨ ਸੁਣੀਆਂ ਹਨ।

2026 ਦੀ ਜਨਗਣਨਾ ਦੇ ਵਿਸ਼ਿਆਂ 'ਤੇ ਅੰਤਿਮ ਫ਼ੈਸਲਾ ਆਸਟ੍ਰੇਲੀਆਈ ਸਰਕਾਰ ਦੁਆਰਾ ਕੀਤਾ ਜਾਵੇਗਾ।

Australian Bureau of Statistics Census

# Media release

ਇਸ ਪ੍ਰਕਿਰਿਆ ਬਾਰੇ ਅੱਪਡੇਟਾਂ ਲਈ, www.subscribe.abs.gov.au/2026Census 'ਤੇ ਸਬਸਕ੍ਰਾਈਬ ਕਰੋ।

## ਮੀਡੀਆ ਟਿੱਪਣੀਆਂ

- ਮੀਡੀਆ ਬੇਨਤੀਆਂ ਅਤੇ ਇੰਟਰਵਿਊਆਂ ਲਈ, ABS ਦੀ ਮੀਡੀਆ ਟੀਮ ਨਾਲ media@abs.gov.au ਜਾਂ 1300 175 070 'ਤੇ ਸੰਪਰਕ ਕਰੋ।
- 2026 ਦੀ ਜਨਗਣਨਾ ਲਈ ਵਿਸ਼ਾ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਲਈ ਰਾਏ ABS consultation hub (ABS ਦੇ ਸਲਾਹ-ਮਸ਼ਵਰੇ ਹੱਬ) ਰਾਹੀਂ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ।
- 2026 ਦੀ ਜਨਗਣਨਾ ਲਈ ਵਿਸ਼ਾ ਸਲਾਹ-ਮਸ਼ਵਰੇ ਬਾਰੇ ਹੋਰ ਜਾਣਕਾਰੀ ABS website (ABS ਦੀ ਵੈੱਬਸਾਈਟ) ਅਤੇ Census Media Hub (ਜਨਗਣਨਾ ਮੀਡੀਆ ਹੱਬ) 'ਤੇ ਉਪਲਬਧ ਹੈ।
- 2021 ਦੀ ਜਨਗਣਨਾ ਵਿੱਚ ਅਗਲੇਰੀ ਵਿਚਾਰ ਅਤੇ ਜਾਂਚ ਲਈ ਜਿਨ੍ਹਾਂ ਛੇ ਵਿਸ਼ਿਆਂ (six topics) ਨੂੰ ਛਾਂਟੀ ਕੀਤਾ ਗਿਆ ਸੀ ਪਰ ਫਾਰਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ ਉਹ ਹਨ: ਲਿੰਗ ਪਛਾਣ, ਘਰੇਲੂ ਅਤੇ ਪਰਿਵਾਰਕ ਰਿਸ਼ਤੇ, ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸੱਭਿਆਚਾਰਕ ਪਛਾਣ, ਸਿੱਖਿਆ ਦਾ ਸਫ਼ਰ, ਸਿਗਰਟਨੋਸ਼ੀ ਦਰਜਾ ਅਤੇ ਜਿਨਸੀ ਰੁਝਾਨ।